# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
## (ਦਫ: ਮੁੱਖ/ਪ੍ਰਬੰਧਕੀ (ਅਮਲਾ ਅਗਜ਼ਟੀ-2), ਪਟਿਆਲਾ)

ਵੱਲ

1. ਸਾਰੇ ਇੰਜ-ਇਨ-ਚੀਫ/ਮੁੱਖ ਇੰਜੀਨੀਅਰ/ਜਨਰਲ ਮੈਨੇਜਰ ਸਮੇਤ ਹਾਈਡਲ, ਪੰ:ਰਾ:ਪਾਵਰਕਾਮ/ਟਰਾਂਸਕੋ: ਅਤੇ ਬੀ.ਬੀ.ਐਮ.ਬੀ.
2. ਡੀ.ਜੀ.ਪੀ./ਵੀ ਤੇ ਐਸ, ਪਾਵਰਕਾਮ/ਟਰਾਂਸਕੋ:, ਪਟਿਆਲਾ
3. ਸਾਰੇ ਮੁੱਖ ਲੇਖਾ ਅਫਸਰ, ਪਾਵਰਕਾਮ/ਟਰਾਂਸਕੋ,ਪਟਿਆਲਾ।
4. ਮੁੱਖ ਅਡੀਟਰ, ਪਾਵਰਕਾਮ/ਟਰਾਂਸਕੋ,ਪਟਿਆਲਾ।
5. ਜੀ.ਐਮ./ਫਾਈਨਾਂਸ/ਐਫ.ਏ.ਐਂਡ ਸੀ.ਏ.ਓ., ਪਾਵਰਕਾਮ/ਟਰਾਂਸਕੋ
6. ਮੁੱਖ ਕਾਸਟ ਕੰਟਰੋਲਰ ਅਤੇ ਰਿਡਕਸ਼ਨ, ਪਾਵਰਕਾਮ/ਟਰਾਂਸਕੋ,ਪਟਿਆਲਾ।
7. ਸਕੱਤਰ-ਕਮ-ਮੁੱਖ ਇੰਜ:/ਯੂ.ਟੀ.ਐਡਮਨ: ਸੈਕਟਰ-9, ਚੰਡੀਗੜ੍ਹ।
8. ਸਕੱਤਰ/ਬੀ.ਬੀ.ਐਮ.ਬੀ, ਸੈਕਟਰ 19-ਬੀ, ਚੰਡੀਗੜ੍ਹ।
9. ਸਾਰੇ ਉਪ ਮੁੱਖ ਇੰਜ:/ਨਿਗਰਾਨ ਇੰਜ:, ਪਾਵਰਕਾਮ/ਟਰਾਂਸਕੋ
10. ਸਾਰੇ ਸੀਨੀਅਰ ਲੇਖਾ ਅਫਸਰ/ਡਿਪਟੀ ਸੀਏ/ਡਿਪਟੀ ਸੀਏ, ਪਾਵਰਕਾਮ/ਟਰਾਂਸਕੋ
11. ਸਾਰੇ ਵਧੀਕ ਨਿਗ: ਇੰਜ:/ਸੀਨੀ:ਕਾ:ਕਾ:ਇੰਜੀਨੀਅਰ, ਪਾਵਰਕਾਮ/ਟਰਾਂਸਕੋ
12. ਉਪ ਸਕੱਤਰ ਟੂ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਅਤੇ ਸੀਨੀਅਰ ਨਿੱਜੀ ਸਕੱਤਰ ਟੂ ਡਾਇਰੈਕਟਰਜ਼, ਪਾਵਰਕਾਮ/ਟਰਾਂਸਕੋ
13. ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ, ਅਧੀਨ ਸਕੱਤਰ ਪਾਵਰਕਾਮ/ਟਰਾਂਸਕੋ

ਮੀਮੋ ਨੰ: 9412/10597/ਈਐਨਜੀ-7(1)239/ਏ ਮਿਤੀ: 4/2/13

**ਵਿਸ਼ਾ:** **ਸੋਲੇਸ਼ੀਅਮ ਪਾਲਿਸੀ ਖਤਮ ਕਰਕੇ ਪੰਜਾਬ ਸਰਕਾਰ ਦੀ ਤਰਜ਼ ਤੇ ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਤਰਸ ਦੇ ਆਧਾਰ ਤੇ ਨੌਕਰੀਆਂ ਦੇਣ ਸਬੰਧੀ।**

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਵਲੋਂ ਆਪਣੇ ਵਿਭਾਗ ਦੇ ਮ੍ਰਿਤਕ ਕਰਮਚਾਰੀਆਂ ਦੇ ਵਾਰਸਾਂ ਨੂੰ ਮੀਮੋ ਨੰ: 16637/17387/ਈ.ਐਨ.ਜੀ-7(1)239/ਏ/ਲੂਜ਼ ਮਿਤੀ: 7.6.2010 ਰਾਹੀਂ ਪੱਤਰ ਨੰ: 161283/162033/ਈ.ਐਨ.ਜੀ-7(1)239 ਏ ਮਿਤੀ: 23.11.2004 ਨਾਲ ਜਾਰੀ ਸੋਲੇਸ਼ੀਅਮ ਦੀ ਪਾਲਿਸੀ ਅਤੇ ਪੰਜਾਬ ਸਰਕਾਰ ਵਲੋਂ ਤਰਸ ਦੇ ਆਧਾਰ ਤੇ ਨੌਕਰੀ ਦੇਣ ਲਈ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਸੋਲੇਸ਼ੀਅਮ ਜਾਂ ਨੌਕਰੀ ਵਿਚ ਕਿਸੇ ਇੱਕ ਦੀ ਚੋਣ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ । ਪ੍ਰੰਤੂ ਮਾਮਲਾ ਮੁੜ ਪ੍ਰਸਾਸ਼ਨ ਵਲੋਂ ਵਿਚਾਰਿਆ ਗਿਆ ਜਿਸ ਸਬੰਧੀ ਮੈਮੋਰੰਡਮ ਨੰ: 39 ਮਿਤੀ: 12.10.12 ਬੋਰਡ ਆਫ ਡਾਇਰੈਕਟਰਜ਼ ਸਨਮੁੱਖ ਪੇਸ਼ ਕੀਤਾ ਗਿਆ ਜਿਸਨੂੰ ਵਿਚਾਰਨ ਉਪਰੰਤ ਬੋਰਡ ਆਫ ਡਾਇਰੈਕਟਰਜ਼ ਵਲੋਂ ਆਪਣੀ 23ਵੀਂ ਮੀਟਿੰਗ ਜ਼ੋਕਿ ਮੋਹਾਲੀ ਵਿਖੇ ਮਿਤੀ:21.12.2012 ਨੂੰ ਹੋਈ , ਵਿਚ ਫੈਸਲਾ ਲਿਆ ਗਿਆ ਕਿ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਤਰਸ ਦੇ ਆਧਾਰ ਤੇ ਨੌਕਰੀ ਦੇਣ ਸਬੰਧੀ ਪੰਜਾਬ ਸਰਕਾਰ ਵਲੋਂ ਜਾਰੀ ਹਦਾਇਤਾਂ ਨੂੰ ਪੂਰੀ ਤਰਾਂ ਅਡਾਪਟ ਕਰਦਾ ਹੈ।

ਮ੍ਰਿਤਕ ਕਰਮਚਾਰੀਆਂ ਦੇ ਵਾਰਸਾਂ ਵਲੋਂ ਪ੍ਰਾਪਤ ਕੇਸ ਕੇਵਲ ਤਰਸ ਦੇ ਆਧਾਰ ਤੇ ਨੌਕਰੀ ਦੇਣ ਲਈ ਵਿਚਾਰੇ ਜਾਣਗੇ। ਮੀਮੋ ਨੰ: 16637/17387/ਈ.ਐਨ.ਜੀ-7(1) 239/ਏ/ਲੂਜ਼

---ਚਲਦਾ ਪੰਨਾ---

ਮਿਤੀ: 7.6.2010 ਰਾਹੀਂ ਮ੍ਰਿਤਕ ਕਰਮਚਾਰੀਆਂ ਦੇ ਵਾਰਸਾਂ ਨੂੰ ਸੋਲੇਸ਼ੀਅਮ ਅਤੇ ਨੌਕਰੀ ਵਿਚ ਕਿਸੇ ਇੱਕ ਦੇ ਚੋਣ ਦੇ ਅਧਿਕਾਰ ਨੂੰ ਖਤਮ ਕੀਤਾ ਜਾਂਦਾ ਹੈ।

ਇਹ ਫੈਸਲਾ ਹਦਾਇਤਾਂ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਵੇਗਾ ਭਾਵ ਉਹਨਾਂ ਕੇਸਾਂ ਵਿਚ ਜਿਨ੍ਹਾਂ ਕੇਸਾਂ ਵਿਚ ਮੌਤ ਦੀ ਮਿਤੀ: 4-2-2013....... ਨੂੰ ਜਾਂ ਇਸ ਤੋਂ ਬਾਅਦ ਵਿਚ ਹੋਈ ਹੋਵੇ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਮੁੱਖ / ਪ੍ਰਬੰਧਕੀ, ਆਈ.ਆਰ,
ਪੀ.ਐਸ.ਪੀ.ਸੀ.ਐਲ, ਪਟਿਆਲਾ।

ਸੀ:ਸੀ:

1) ਅਧੀਨ ਸਕੱਤਰ/ਮੀਟਿੰਗ, ਪੰ:ਰਾ:ਪਾ:ਕਾ:ਲਿਮ:, ਪਟਿਆਲਾ ਨੂੰ ਉਹਨਾਂ ਦੇ ਗੈ:ਸ:ਪੱਤਰ ਨੰ: 3622/ਬੀ.ਓ.ਡੀ-ਸਪੇਸ਼ਲ-23.3/2012 ਪੀ.ਐਸ.ਪੀ.ਸੀ.ਐਲ ਮਿਤੀ 28.12.2012 ਦੇ ਸਬੰਧ ਵਿੱਚ।
2) ਨਿਗਰਾਨ ਇੰਜ:/ਆਈ.ਟੀ., ਪਾਵਰਕਾਮ/ਟਰਾਂਸਕੋ, ਪਟਿਆਲਾ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਹਦਾਇਤਾਂ ਨੂੰ ਵੈਬਸਾਈਡ 'ਤੇ ਪਵਾਇਆ ਜਾਵੇ।

ਮਿਤੀ:16-4-10 ਤੋਂ ਪਹਿਲਾਂ ਦੇ ਮ੍ਰਿਤਕ ਕਰਮਚਾਰੀਆਂ ਦੇ ਵਾਰਸਾਂ (ਬਿਨੈਕਾਰਾਂ) ਦੀ ਲਿਸਟ ਜਿੰਨਾ ਨੇ ਸੋਲੇਸ਼ੀਅਮ ਲੈਣ ਤੋਂ ਇਨਕਾਰ ਕੀਤਾ ਹੈ

| ਲੜੀ ਨੰ: | ਫਾਇਲ ਨੰ: | ਮ੍ਰਿਤਕ ਕਰਮਚਾਰੀ ਦਾ ਨਾਂ ਆਹੁਦਾ | ਦਫਤਰ ਦਾ ਨਾਮ | ਮੌਤ ਦੀ ਮਿਤੀ | ਮੌਤ ਸਮੇਂ ਮ੍ਰਿਤਕ ਕਰਮਚਾਰੀ ਦੀ ਉਮਰ | ਬਿਨੈਕਾਰ ਦਾ ਨਾਮ ਤੇ ਰਿਸ਼ਤਾ | ਜਨਮ ਮਿਤੀ ਤੇ ਉਮਰ | ਯੋਗਤਾ | ਦ/ਹੁ ਨੰ: ਅਤੇ ਮਿਤੀ ਜਿਸ ਨਾਲ ਸੋਲੇਸ਼ੀਅਮ ਮੰਨਜੂਰ ਕੀਤਾ ਗਿਆ ਅਤੇ ਬਿਨੈਕਾਰ ਵਲੋਂ ਲੈਣ ਤੋਂ ਇਨਕਾਰ ਕੀਤਾ ਗਿਆ। | ਰਿਮਾਰਕਸ |
|---|---|---|---|---|---|---|---|---|---|---|
| | | | | | | | | | | |
| | | | | | | | | | | |